# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਰਾਜ ਦੇ ਸਾਰੇ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਵੱਲੋਂ Online Registration ਰਾਹੀਂ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ M1 ਅਤੇ T1 ਫਾਰਮ ਵੀ ਵੈੱਬ ਸਾਈਟ ਤੇ ਉਪਲੱਬਧ ਕਰਵਾ ਦਿੱਤੇ ਗਏ ਹਨ। ਸਕੂਲ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਵੇਰਵਿਆ ਦੀ ਐਂਟਰੀ ਇਹਨਾਂ ਫਾਰਮਾਂ ਵਿੱਚ ਆਨਲਾਈਨ ਕਰਨਗੇ। ਇਹਨਾਂ ਫਾਰਮਾਂ ਦੀ ਕੋਈ ਫੀਸ ਨਹੀਂ ਲਈ ਜਾਵੇਗੀ। ਸਕੂਲਾਂ ਦੀ ਸੁਵਿਧਾ ਲਈ ਪਿਛਲੇ ਸਾਲ 2012-13 ਦਾ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਦਾ ਡਾਟਾ ਆਨਲਾਈਨ ਮੁਹੱਈਆ ਕਰਵਾਇਆ ਗਿਆ ਹੈ, ਇਸ ਨਾਲ ਸਕੂਲ ਦਸਵੀਂ ਸ਼੍ਰੇਣੀ ਵਿੱਚ ਪਿਛਲੇ ਸਾਲ ਦੇ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਅਤੇ ਬਾਰਵੀਂ ਸ਼੍ਰੇਣੀ ਵਿੱਚ ਪਿਛਲੇ ਸਾਲ ਦੇ ਗਿਆਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਵੇਰਵੇ Import ਕਰ ਸਕਦੇ ਹਨ। Import ਕੀਤੇ ਵਿਦਿਆਰਥੀਆਂ ਦੇ ਵਿਸ਼ੇ ਭਰਨੇ ਲਾਜ਼ਮੀ ਹਨ। ਇਸ ਤੋਂ ਇਲਾਵਾ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2013-14 ਦੇ ਪ੍ਰੀਖਿਆ ਫਾਰਮਾਂ ਲਈ ਵੀ ਇਹ ਡਾਟਾ ਹੀ ਵਰਤੇ ਜਾਣ ਦੀ ਸੰਭਾਵਨਾ ਹੈ। Import ਕੀਤੇ ਵਿਦਿਆਰਥੀਆਂ ਦੇ ਵੇਰਵਿਆਂ ਵਿੱਚ ਜੇਕਰ ਕੋਈ ਤਰੁੱਟੀ/ਗਲਤੀ ਹੋਵੇ, ਤਾਂ ਬੋਰਡ ਵੱਲੋਂ ਕੇਵਲ ਸੈਸ਼ਨ 2013-14 ਲਈ ਸਕੂਲ ਨੂੰ ਆਪਣੇ ਪੱਧਰ ਤੇ ਇਹਨਾਂ ਵੇਰਵਿਆਂ ਦੀ ਆਨਲਾਈਨ ਸੋਧ ਕਰਨ ਦੀ ਸੁਵਿਧਾ ਵੀ ਦਿੱਤੀ ਗਈ ਹੈ ਅਤੇ ਜੋ ਵਿਦਿਆਰਥੀ ਕਿਸੇ ਹੋਰ ਸਕੂਲ ਤੋਂ ਆਉਂਦੇ ਹਨ, ਉਹਨਾਂ ਦੀ ਨਵੀਂ ਐਂਟਰੀ ਕੀਤੀ ਜਾਵੇ। Online Registration ਜੋ ਕਿ 24 ਮਈ 2013 ਤੋਂ ਸ਼ੁਰੂ ਹੈ, ਰਾਹੀਂ Online Registration ਅਤੇ Continuation ਭਰਨ ਦੀ ਆਖਰੀ ਮਿਤੀ, ਬਿਨਾਂ ਲੇਟ ਫੀਸ, 30 ਜੁਲਾਈ 2013 ਹੈ।

ਸਕੱਤਰ